# ਜੋਗੀ ਸੋਹਣੀਆਂ ਜਟਾਵਾਂ ਵਾਲਾ

ਜੋਗੀ ਸੋਹਣੀਆਂ ਜਟਾਵਾਂ ਵਾਲਾ

=====================
ਜੂਨਾਂ ਗੜ੍ਹੋਂ, ਚੱਲ ਕੇ, ਤਲਾਈਆਂ ਵਿੱਚ ਆ ਗਿਆ ।
ਰੱਬ ਦਾ ਸਰੂਪ, ਮਾਤਾ ਰਤਨੋ ਨੂੰ, ਭਾਅ ਗਿਆ ॥
^ਚੇਹਰਾ, ਗੋਲ ਮੋਲ, ਹੋ ਚੇਹਰਾ, ਗੋਲ ਮੋਲ,
ਚੇਹਰਾ, ਗੋਲ ਮੋਲ, ਨੱਕ ਸੋਹਣਾ, ਤਿੱਖਾ ਜੇਹਾ,
ਜੋਗੀ ਸੋਹਣੀਆਂ,,,ਜੈ ਹੋ ॥, ਜਟਾਵਾਂ ਵਾਲਾ, ਨਿੱਕਾ ਜੇਹਾ ॥

ਸੂਰਜ ਤੋਂ, ਜਿਆਦਾ ਓਹਦੇ, ਮੁੱਖੜੇ ਤੇ ਲਾਲੀ ਏ ।
ਮੌਂਢੇ ਪਾਈ, ਝੋਲੀ ਦੀ ਤਾਂ, ਸ਼ਾਨ ਹੀ ਨਿਰਾਲੀ ਏ ॥
^ਹੱਥ, ਚਿਮਟਾ ਵੀ, ਹੋ ਹੱਥ, ਚਿਮਟਾ ਵੀ,
ਹੱਥ, ਚਿਮਟਾ ਵੀ, ਚਾਂਦੀ ਰੰਗਾਂ, ਚਿੱਟਾ ਜੇਹਾ,
ਜੋਗੀ ਸੋਹਣੀਆਂ,,,ਜੈ ਹੋ ॥, ਜਟਾਵਾਂ ਵਾਲਾ, ਨਿੱਕਾ ਜੇਹਾ ॥

ਗਲ਼ ਵਾਲੀ, ਸਿੰਗੀ ਓਹਦੀ, ਮਾਰੇ ਲਿਸ਼ਕਾਰੇ ਜੀ ।
ਅੰਬਰਾਂ ਦੇ ਤਾਰੇ, ਸ਼ਰਮਾ ਗਏ, ਦੇਖ ਸਾਰੇ ਹੀ ॥
^ਰੰਗ, ਚੰਨ ਦਾ ਵੀ, ਹੋ ਰੰਗ, ਚੰਨ ਦਾ ਵੀ,
ਰੰਗ, ਚੰਨ ਦਾ ਵੀ, ਪੈ ਗਿਆ ਏ, ਫ਼ਿੱਕਾ ਜੇਹਾ,
ਜੋਗੀ ਸੋਹਣੀਆਂ,,,ਜੈ ਹੋ ॥, ਜਟਾਵਾਂ ਵਾਲਾ, ਨਿੱਕਾ ਜੇਹਾ ॥

ਸਤੀਸ਼, ਸਾਉਦੀ ਵਾਲੇ ਜੋਗੀ, ਮੁੱਖੋਂ ਜਦੋਂ ਬੋਲਦਾ ।
ਫਿਰਦਾ, ਹਵਾਵਾਂ 'ਚ, ਸੁਗੰਧਾਂ ਜੇਹੀਆਂ ਘੋਲ੍ਹਦਾ ॥
^ਤਾਜ਼, ਇਕੱਲਾ ਇਕੱਲਾ, ਹੋ ਤਾਜ਼, ਇਕੱਲਾ ਇਕੱਲਾ,
ਤਾਜ਼, ਇਕੱਲਾ ਇਕੱਲਾ, ਬੋਲ ਓਹਦਾ, ਮਿੱਠਾ ਜੇਹਾ,
ਜੋਗੀ ਸੋਹਣੀਆਂ,,,ਜੈ ਹੋ ॥, ਜਟਾਵਾਂ ਵਾਲਾ, ਨਿੱਕਾ ਜੇਹਾ ॥
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33485/title/Jogi-Sohniya-Jatawan-Wala

अपने Android मोबाइल पर BhajanGanga App डाउनलोड करें और भजनों का आनंद ले |